# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10

## ਮਿਤੀ :09-05-2026

ਕੇਂਦਰ ਸਰਕਾਰ ਨੇ ਲੈਫਟੀਨੈਂਟ ਜਨਰਲ ਐੱਨ.ਐੱਸ. ਰਾਜਾ ਸੁਬਰਾਮਣੀ ਨੂੰ ਅਗਲਾ ਚੀਫ ਆਫ ਡਿਫੈਂਸ ਸਟਾਫ (ਸੀ.ਡੀ.ਐੱਸ) ਨਿਯੁਕਤ ਕੀਤਾ ਏ। ਉਹ ਜਨਰਲ ਅਨਿਲ ਚੌਹਾਨ ਦੀ ਥਾਂ ਲੈਣਗੇ, ਜਿਨ੍ਹਾਂ ਦਾ ਕਾਰਜਕਾਲ 30 ਮਈ ਨੂੰ ਖ਼ਤਮ ਹੋ ਰਿਹਾ ਏ। ਲੈਫਟੀਨੈਂਟ ਜਨਰਲ ਐੱਨ.ਐੱਸ. ਰਾਜਾ ਸੁਬਰਾਮਣੀ ਇਸ ਤੋਂ ਪਹਿਲਾਂ, ਉਪ ਸੈਨਾ ਮੁਖੀ ਤੇ ਕੇਂਦਰੀ ਕਮਾਂਡ ਦੇ ਜਨਰਲ ਅਫ਼ਸਰ ਕਮਾਂਡਿੰਗ-ਇਨ-ਚੀਫ ਵਜੋਂ ਸੇਵਾਵਾਂ ਨਿਭਾਅ ਚੁੱਕੇ ਨੇ।

---

ਰਾਜ ਸਭਾ ਮੈਂਬਰ ਅਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਾਲਾ ਸੰਘਿਆ ਤੇ ਜਮਸ਼ੇਰ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸਾਰੇ ਵਿਭਾਗਾਂ ਨੂੰ ਠੋਸ ਨੀਤੀ ਅਪਣਾਉਣ ’ਤੇ ਜ਼ੋਰ ਦਿੱਤਾ ਏ। ਜਲੰਧਰ ਵਿਚ ਇਕ ਪ੍ਰਸ਼ਾਸ਼ਨਿਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਨਗਰ ਨਿਗਮ ਜਲੰਧਰ, ਪੰਜਾਬ

ਪ੍ਰਦੂਸ਼ਣ ਕੰਟਰੋਲ ਬੋਰਡ ਤੇ ਸੀਵਰੇਜ ਬੋਰਡ ਦੇ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਡਰੇਨਾਂ ਵਿੱਚ ਰਹਿੰਦ-ਖੂੰਹਦ ਦੇ ਸਿੱਧੇ ਪ੍ਰਵਾਹ ਨੂੰ ਰੋਕਣ ਲਈ ਵਿਭਾਗੀ ਤਾਲਮੇਲ ਨਾਲ ਕੰਮ ਕੀਤਾ ਜਾਵੇ। ਰਾਜ ਸਭਾ ਮੈਂਬਰ ਨੇ ਕਾਲਾ ਸੰਘਿਆ ਡਰੇਨ ਵਿੱਚ ਸਾਫ਼ ਪਾਣੀ ਛੱਡੇ ਜਾਣ ਦਾ ਜਾਇਜ਼ਾ ਲਿਆ ਅਤੇ ਜਮਸ਼ੇਰ ਵਿਚ ਸੀ.ਬੀ.ਜ਼ੀ. ਪਲਾਂਟ ਤੇ ਵਰਿਆਣਾ ਵਿਚ ਬਾਇਓ-ਮਾਈਨਿੰਗ ਪ੍ਰਾਜੈਕਟ ਦੀ ਸਮੀਖਿਆ ਕੀਤੀ। ਇਸ ਦੌਰਾਨ ਜਲੰਧਰ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਭਰੋਸਾ ਦਿਵਾਇਆ ਕਿ ਡਰੇਨਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

-----------------------------------------------------------

ਫੂਡ ਐਂਡ ਡਰੱਗਜ਼ ਐਡਮਿਨਿਸਟ੍ਰੇਸ਼ਨ (ਐੱਫ.ਡੀ.ਏ.) ਪੰਜਾਬ ਨੇ ਸੂਬੇ ਵਿੱਚ ਦੁੱਧ ਦੇ ਨਮੂਨੇ ਲੈਣ ਲਈ 2 ਰੋਜ਼ਾ ਮੁਹਿੰਮ ਮੁਕੰਮਲ ਕਰ ਲਈ ਏ। ਇਹ ਮੁਹਿੰਮ ਬੁੱਧਵਾਰ ਤੇ ਵੀਰਵਾਰ ਨੂੰ ਚਲਾਈ ਗਈ ਸੀ। ਇਹ ਮੁਹਿੰਮ ਬਾਰੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸਾਰੇ ਪੰਜਾਬ ਵਿੱਚ ਤੜਕਸਾਰ ਨਾਕੇ ਲਗਾਏ ਗਏ ਸਨ, ਜਿਨ੍ਹਾਂ ਤਹਿਤ ਸ਼ਹਿਰੀ ਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਡੇਅਰੀ ਫਾਰਮਾਂ, ਸੰਗ੍ਰਹਿ ਕੇਂਦਰਾਂ, ਪ੍ਰੋਸੈਸਿੰਗ ਯੂਨਿਟਾਂ ਅਤੇ ਪ੍ਰਚੂਨ ਦੀਆਂ ਦੁਕਾਨਾਂ ਤੋਂ ਦੁੱਧ ਦੇ 200 ਨਮੂਨੇ ਇਕੱਤਰ ਕੀਤੇ ਗਏ। ਇਕੱਤਰ ਕੀਤੇ ਨਮੂਨਿਆਂ ਨੂੰ ਜਾਂਚ ਵਾਸਤੇ ਮਾਨਤਾ

ਪ੍ਰਾਪਤ ਸਟੇਟ ਫੂਡ ਲੈਬਾਰਟਰੀ ਵਿੱਚ ਭੇਜਿਆ ਗਿਆ ਏ। ਉਨ੍ਹਾਂ ਕਿਹਾ ਕਿ ਜੇ ਕੋਈ ਖ਼ੁਰਾਕ ਕਾਰੋਬਾਰੀ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਨੂੰ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

-------------------------------------------------------------

ਰਾਸ਼ਟਰੀ ਜਨਤਕ ਪ੍ਰਸਾਰਣ ਸੇਵਾ ਆਕਾਸ਼ਵਾਣੀ ਦੀ ਸਥਾਪਨਾ ਦੇ 90 ਸਾਲ ਪੂਰੇ ਹੋਣ ਦੇ ਜਸ਼ਨ ਮੌਕੇ, ਇਸ ਦੇ ਜਲੰਧਰ ਕੇਂਦਰ ਵੱਲੋਂ ਅੱਜ ਵਾਕਾਥੋਨ ਕਰਵਾਈ ਗਈ। ਇਸ ਵਿੱਚ ਸੈਂਕੜੇ ਸਰੋਤਿਆਂ, ਸਟਾਫ ਮੈਂਬਰਾਂ, ਐਂਕਰਾਂ ਤੇ ਪੇਸ਼ਕਾਰਾਂ ਨੇ ਹਿੱਸਾ ਲਿਆ। ਇਸੇ ਤਰ੍ਹਾਂ ਦੀ ਵਾਕਾਥੋਨ ਪਟਿਆਲਾ ਕੇਂਦਰ ਵਿੱਚ ਵੀ ਕਰਵਾਈ ਗਈ। ਜਲੰਧਰ ਵਿੱਚ ਵਾਕਾਥੋਨ ਨੂੰ ਆਕਾਸ਼ਵਾਣੀ ਪੰਜਾਬ ਦੇ ਕਲਸਟਰ ਮੁਖੀ ਅਤੇ ਉਪ-ਮਹਾਨਿਰਦੇਸ਼ਕ ਰਣਜੀਤ ਮੀਨਾ, ਦੂਰਦਰਸ਼ਨ ਜਲੰਧਰ ਦੇ ਉਪ ਮਹਾਨਿਰਦੇਸ਼ਕ ਆਰ.ਐੱਲ. ਜਾਰੰਗਲ ਨੇ ਖ਼ਬਰਾਂ ਤੇ ਪ੍ਰੋਗਰਾਮ ਮੁਖੀਆਂ ਨਾਲ ਮਿਲ ਕੇ ਝੰਡੀ ਦਿਖਾ ਕੇ ਰਵਾਨਾ ਕੀਤਾ। ਵਾਕਾਥੋਨ ਨੂੰ ਆਕਾਸ਼ਵਾਣੀ ਐੱਫ.ਐੱਮ. ਸਟੂਡੀਓ ਨਾਲ ਸਿੱਧਾ ਜੋੜਿਆ ਗਿਆ ਸੀ। ਸਰੋਤਿਆਂ, ਸਾਬਕਾ ਮੁਲਾਜ਼ਮਾਂ ਅਤੇ ਹੋਰਨਾਂ ਨੇ ਆਨ ਏਅਰ ਆਪਣੇ ਤਜਰਬੇ ਸਾਂਝੇ ਕੀਤੇ, ਜਦਕਿ ਐੱਫ.ਐੱਮ. ਸਟੂਡੀਓ ਵਿੱਚ ਐਂਕਰਾਂ ਨੇ ਚੋਣਵੇਂ ਗੀਤ ਪੇਸ਼ ਕੀਤੇ। ਨੌਜਵਾਨ ਐਂਕਰਾਂ ਅਤੇ ਪੇਸ਼ਕਾਰਾਂ ਨੇ ਵੱਖ-ਵੱਖ

ਗੀਤਾਂ ਦੀਆਂ ਧੁਨਾਂ ’ਤੇ ਨੱਚ ਕੇ ਮਾਹੌਲ ਰੌਣਕ ਵਾਲਾ ਬਣਾ ਦਿੱਤਾ। ‘ਬਹੁਜਨ ਹਿਤਾਏ - ਬਹੁਜਨ ਸੁਖਾਏ’ ਦੇ ਆਪਣੇ  ਆਦਰਸ਼ਾਂ ’ਤੇ ਖਰਾ ਉਤਰਦਿਆਂ, ਜਿਸ ਦਾ ਅਰਥ ਏ “ਬਹੁਤਿਆਂ ਦੀ ਭਲਾਈ ਲਈ, ਬਹੁਤਿਆਂ ਦੀ ਖੁਸ਼ਹਾਲੀ ਲਈ”, ਦੇ ਤਹਿਤ ਰਾਸ਼ਟਰੀ ਪ੍ਰਸਾਰਕ ਆਕਾਸ਼ਵਾਣੀ ਪਿਛਲੇ 9 ਦਹਾਕਿਆਂ ਤੋਂ 591 ਕੇਂਦਰਾਂ ਰਾਹੀਂ ਵੱਖ-ਵੱਖ ਪ੍ਰੋਗਰਾਮਾਂ, ਖ਼ਬਰਾਂ ਦੇ ਬੁਲੇਟਿਨਾਂ  ਜ਼ਰੀਏ ਜਾਣਕਾਰੀ, ਸਿੱਖਿਆ ਤੇ ਮਨ-ਪਰਚਾਵਾ ਮੁਹੱਈਆ ਕਰਵਾ ਕੇ, ਦੇਸ਼ ਦੀ ਸੇਵਾ ਕਰ ਰਿਹਾ ਏ, ਜਿਸ ਦੀ ਪਹੁੰਚ ਦੇਸ਼ ਦੀ 98 ਫ਼ੀਸਦੀ ਅਬਾਦੀ ਤੱਕ ਏ। 8 ਜੂਨ, 1936 ਨੂੰ ਇੰਡੀਅਨ ਸਟੇਟ ਬਰਾਡਕਾਸਟਿੰਗ ਸਰਵਿਸ ਦਾ ਨਾਂ ਬਦਲ ਕੇ ਆਲ ਇੰਡੀਆ ਰੇਡੀਓ ਰੱਖਿਆ ਗਿਆ ਸੀ। ਆਜ਼ਾਦੀ ਤੋਂ ਬਾਅਦ, ਆਲ ਇੰਡੀਆ ਰੇਡੀਓ ਦਾ ਤੇਜ਼ੀ ਨਾਲ ਵਿਸਥਾਰ ਹੋਇਆ ਅਤੇ 1956 ਵਿੱਚ ਇਸ ਨੂੰ “ਆਕਾਸ਼ਵਾਣੀ” ਨਾਂ ਦਿੱਤਾ ਗਿਆ।

---------------------------------------------------

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀਆਂ ਅਦਾਲਤਾਂ ਤੇ ਸਬ-ਡਵੀਜ਼ਨ ਪੱਧਰ 'ਤੇ 'ਕੌਮੀ ਲੋਕ ਅਦਾਲਤ' ਲਗਾਈ ਗਈ। ਇਸ ਦੌਰਾਨ ਵੱਖ-ਵੱਖ ਮੁਕੱਦਮਿਆਂ ਦਾ ਨਿਬੇੜਾ ਆਪਸੀ ਸਹਿਮਤੀ ਨਾਲ ਕੀਤਾ ਗਿਆ।  ਚੀਫ ਜੁਡੀਸ਼ਲ ਮੈਜਿਸਟਰੇਟ -ਕਮ-

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਅਸ਼ੋਕ ਕੁਮਾਰ ਚੌਹਾਨ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਮੁਕੱਦਮਿਆਂ ਦੀ ਸੁਣਵਾਈ ਲਈ ਕੁੱਲ 11 ਬੈਂਚਾਂ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ  ਲੋਕ ਅਦਾਲਤ ਵੱਲੋਂ ਕੀਤਾ ਗਿਆ ਫੈਸਲਾ ਆਖ਼ਰੀ ਹੁੰਦਾ ਏ, ਜਿਸ ਦੀ ਅਗਾਂਹ ਕੋਈ ਅਪੀਲ ਨਹੀਂ ਹੁੰਦੀ।

---------------------------------------------------

ਪੰਜਾਬ ਵਿਚ ਜਾਰੀ ਮੁਹਿੰਮ 'ਗੈਂਗਸਟਰਾਂ ਤੇ ਵਾਰ'  ਦੇ 108ਵੇਂ ਦਿਨ ਪੰਜਾਬ ਪੁਲਿਸ ਨੇ ਕੱਲ੍ਹ ਸੂਬੇ ਵਿਚ 548  ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।  ਇਸ ਦੌਰਾਨ  261 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ  ਕੋਲੋਂ ਅਸਲਾ ਬਰਾਮਦ ਕੀਤਾ ਗਿਆ।  ਇਸ ਤੋਂ ਇਲਾਵਾ 126 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਏ। ਪੁਲਿਸ ਟੀਮਾਂ ਨੇ ਇਸ ਦੌਰਾਨ 4 ਭਗੌੜੇ ਮੁਲਜ਼ਮਾਂ ਨੂੰ ਵੀ ਹਿਰਾਸਤ ਵਿਚ ਲਿਆ ਏ।

---------------------------------------------------